


ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post




To view our online newspaper visit **punjabipost.ca/epaper** | Vol 23* Issue 94 | Wednesday, May 22 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' ***Online*** ਰੋਜ਼ਾਨਾ ਪੜ੍ਹ ਸਕਦੇ ਹੋ

## ਇਨਵਾਇਰਨਮੈਂਟ ਕੈਨੇਡਾ ਵੱਲੋਂ ਸਸਕੈਟੂਨ 'ਤੇ ਫਨਲ ਬੱਦਲਾਂ ਦੀ ਸੰਭਾਵਨਾ ਬਾਰੇ ਚਿਤਾਵਨੀ



ਸਸਕੈਟੂਨ, 21 ਮਈ (ਪੋਸਟ ਬਿਊਰੋ): ਕੈਨੇਡਾ ਦੀ ਮੌਸਮ ਸੇਵਾ ਨੇ ਸਸਕੈਟੂਨ ਸਿਟੀ ਉੱਤੇ ਫਨਲ ਬੱਦਲਾਂ ਦੇ ਬਣਨ ਦੀ ਸੰਭਾਵਨਾ ਬਾਰੇ ਇੱਕ ਚਿਤਾਵਨੀ ਜਾਰੀ ਕੀਤੀ ਹੈ। ਇਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ ਕੈਨੇਡਾ ਨੇ ਸੋਮਵਾਰ ਸਵੇਰੇ 10 ਵਜੇ ਦੇ ਕਰੀਬ ਫਨਲ ਕਲਾਉਡ ਐਡਵਾਈਜ਼ਰੀ ਜਾਰੀ ਕੀਤੀ।

ਐਨਵਾਇਰਮੈਂਟ ਕੈਨੇਡਾ ਨੇ ਕਿਹਾ ਕਿ ਇਹ ਕਮਜ਼ੋਰ ਰੋਟੇਸ਼ਨ ਆਮ ਤੌਰ 'ਤੇ ਜ਼ਮੀਨ ਦੇ ਨੇੜੇ ਖ਼ਤਰਾ ਨਹੀਂ ਹੁੰਦੀ। ਹਾਲਾਂਕਿ, ਇਸ ਗੱਲ ਦੀ ਸੰਭਾਵਨਾ ਹੈ ਕਿ ਇਹ ਰੋਟੇਸ਼ਨ ਤੇਜ਼ ਹੋ ਸਕਦੀ ਹੈ ਅਤੇ ਇੱਕ ਕਮਜ਼ੋਰ ਲੈਂਡਸਪਾਊਟ ਬਵੰਡਰ ਬਣ ਸਕਦਾ ਹੈ।

ਫੈਡਰਲ ਮੌਸਮ ਸੇਵਾ ਦਾ ਕਹਿਣਾ ਹੈ ਕਿ ਲੈਂਡਸਪਾਊਟ ਤੂਫਾਨ ਆਮ ਤੌਰ 'ਤੇ ਵੱਡੇ ਨੁਕਸਾਨ ਨਹੀਂ ਪਹੁੰਚਾਉਂਦੇ ਪਰ ਪਰ ਖਤਰਨਾਕ ਹੋ ਸਕਦੇ ਹਨ।

## ਮਿਸੀਸਾਗਾ ਦੇ ਹੋਟਲ 'ਚ 50 ਸਾਲਾ ਔਰਤ ਦਾ ਚਾਕੂ ਮਾਰ ਕੇ ਕਤਲ




ਮਿਸੀਸਾਗਾ, 21 ਮਈ (ਪੋਸਟ ਬਿਊਰੋ): ਮਿਸੀਸਾਗਾ ਦੇ ਇੱਕ ਹੋਟਲ ਵਿੱਚ ਚਾਕੂ ਦੇ ਹਮਲੇ ਤੋਂ ਬਾਅਦ 50 ਸਾਲਾ ਔਰਤ ਦੀ ਮੌਤ ਹੋ ਗਈ। ਪੁਲਿਸ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਇੱਕ ਸ਼ੱਕੀ ਦੀ ਭਾਲ ਹੈ।

ਪੀਲ ਰੀਜਨਲ ਪੁਲਿਸ ਦੇ ਅਧਿਕਾਰੀ ਰਿਚਰਡ ਚਿਨ ਨੇ ਕਿਹਾ ਕਿ ਸੋਮਵਾਰ ਸਵੇਰੇ ਕਰੀਬ 9:30 ਵਜੇ ਬ੍ਰਿਟੇਨਿਆ ਰੋਡ ਈਸਟ ਅਤੇ ਵਿਟਲ ਰੋਡ ਦੇ ਖੇਤਰ ਵਿੱਚ ਇੱਕ ਹੋਟਲ ਵਿੱਚ ਚਾਕੂ ਮਾਰਨ ਘਟਨਾ ਤੋਂ ਬਾਅਦ ਐਮਰਜੈਂਸੀ ਕਰਮਚਾਰੀਆਂ ਨੂੰ ਬੁਲਾਇਆ ਗਿਆ ਸੀ।

ਚਿਨ ਨੇ ਕਿਹਾ ਕਿ ਈਐੱਮਐੱਸ ਅਤੇ ਪੁਲਿਸ ਉਸ ਸਥਾਨ 'ਤੇ ਇੱਕ ਹੋਟਲ ਦੇ ਕਮਰੇ ਵਿੱਚ ਪਹੁੰਚੇ ਜਿੱਥੇ ਔਰਤ ਨੂੰ ਚਾਕੂ ਮਾਰਿਆ ਗਿਆ ਸੀ। ਉਨ੍ਹਾ ਦੱਸਿਆ ਕਿ ਬਦਕਿਸਮਤੀ ਨਾਲ, ਉਸ ਔਰਤ ਨੇ ਚਾਕੂ ਦੇ ਜ਼ਖਮਾਂ ਦਾ ਦਰਦ ਨਾ ਸਹਾਰਦੇ ਹੋਏ ਦਮ ਤੋੜ ਦਿੱਤਾ ਅਤੇ ਈਐੱਮਐੱਸ ਵਲੋਂ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਚਿਨ ਨੇ ਕਿਹਾ ਕਿ ਪੀਲ ਪੁਲਿਸ ਦੀ ਹੋਮੀਸਾਈਡ ਬਿਊਰੋ ਜਾਂਚ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਾਂਚ ਆਪਣੇ ਸ਼ੁਰੂਆਤੀ ਪੜਾਵਾਂ ਵਿੱਚ ਹੈ। ਸ਼ੱਕੀ ਆਦਮੀ ਹਾਲੇ ਫਰਾਰ ਹੈ। ਚਿਨ ਨੇ ਕਿਹਾ ਕਿ ਇਹ ਕਤਲ ਦੀ ਘਟਨਾ ਪੀਲ ਖੇਤਰ ਵਿਚ 2024 ਦੀ 12ਵੀਂ ਘਟਨਾ ਹੈ।

## ਮੁਰੰਮਤ ਦੇ ਕੰਮ ਦੇ ਚਲਦੇ ਸੇਂਟ ਲੌਰੇਂਟ ਸਟੇਸ਼ਨ ਬੁੱਧਵਾਰ ਤੱਕ ਬੰਦ ਰਹੇਗਾ



ਓਟਵਾ, 21 ਮਈ (ਪੋਸਟ ਬਿਊਰੋ): ਸੇਂਟ ਲੌਰੇਂਟ ੍ਹਠ ਸਟੇਸ਼ਨ ਬੁੱਧਵਾਰ ਤੱਕ ਬੰਦ ਰਹੇਗਾ ਕਿਉਂਕਿ ਓ.ਸੀ ਟਰਾਂਸਪੋ ਰੇਲ ਵਲੋਂ ਖਰਾਬ ਛੱਤ ਦੀਆਂ ਟਾਈਲਾਂ ਅਤੇ ਕੰਕਰੀਟ ਦੀ ਮੁਰੰਮਤ ਦਾ ਕੰਮ ਤੇ ਪਲੇਟਫਾਰਮਾਂ ਦਾ ਨਿਰੀਖਣ ਚਲ ਰਿਹਾ ਹੈ।

ਸੋਮਵਾਰ ਨੂੰ ਕਾਉਂਸਿਲ ਨੂੰ ਦਿੱਤੇ ਇੱਕ ਮੀਮੋ ਵਿੱਚ, ਟਰਾਂਸਪੋ ਨੇ ਕਿਹਾ ਕਿ ਅਮਲੇ ਨੇ ਮੁਅੱਤਲ ਛੱਤ ਵਾਲੇ ਪੈਨਲਾਂ ਨੂੰ ਹਟਾ ਦਿੱਤਾ ਹੈ ਅਤੇ ਛੱਤ ਦੀ ਸਲੈਬ ਅਤੇ ਛੱਤ ਬੁਨਿਆਦੀ ਢਾਂਚੇ ਦਾ ਨਿਰੀਖਣ ਪੂਰਾ ਕਰ ਲਿਆ ਗਿਆ ਹੈ।

ਓ.ਸੀ. ਟਰਾਂਸਪੋ ਦੇ ਟਰਾਂਜ਼ਿਟ ਸੇਵਾਵਾਂ ਦੇ ਜਨਰਲ ਮੈਨੇਜਰ ਰੇਨੀ ਅਮਿਲਕਰ ਅਤੇ ਬੁਨਿਆਦੀ ਢਾਂਚਾ ਅਤੇ ਜਲ ਸੇਵਾਵਾਂ ਦੇ ਜਨਰਲ ਮੈਨੇਜਰ ਟੈਮੀ ਰੋਜ਼ ਨੇ ਕਿਹਾ ਕਿ ਮੀਮੋ ਵਿਚ ਕੰਕਰੀਟ 'ਤੇ ਸੁਧਾਰਾਤਮਕ ਕੰਮ ਲਈ ਅਤੇ ਮੁਅੱਤਲ ਛੱਤ ਦੇ ਬੁਨਿਆਦੀ ਢਾਂਚੇ ਦੇ ਖਰਾਬ ਹਿੱਸਿਆਂ ਨੂੰ ਹਟਾਉਣ ਲਈ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਓ ਸੀ. ਟਰਾਂਸਪੋ ਜਲਦੀ ਨਵੀਂ ਅਪਡੇਟ ਜਾਰੀ ਕਰੇਗਾ।

## ਸੀ-ਟੂ-ਸਕਾਈ ਹਾਈਵੇ 'ਤੇ ਹਾਦਸਾ, 2 ਜ਼ਖਮੀਆਂ ਨੂੰ ਹਸਪਤਾਲ ਭੇਜਿਆ, ਯਾਤਰੀਆਂ ਨੂੰ ਕਰਨਾ ਪੈ ਸਕਦਾ ਹੈ ਜਾਮ ਦਾ ਸਾਹਮਣਾ



ਵੈਨਕੂਵਰ, 21 ਮਈ (ਪੋਸਟ ਬਿਊਰੋ): ਇੱਕ ਗੰਭੀਰ ਹਾਦਸੇ ਤੋਂ ਬਾਅਦ ਸੀ-ਟੂ-ਸਕਾਈ ਹਾਈਵੇ ਨੂੰ ਦੋਵੇਂ ਦਿਸ਼ਾਵਾਂ ਤੋਂ ਬੰਦ ਕਰ ਦਿੱਤਾ ਗਿਆ। ਇਸ ਦੇ ਚਲਦੇ ਦੋ ਲੋਕਾਂ ਨੂੰ ਸੋਮਵਾਰ ਨੂੰ ਹਸਪਤਾਲ ਲਿਜਾਇਆ ਗਿਆ, ਜਿਸ ਵਿੱਚ ਇੱਕ ਏਅਰ ਐਂਬੂਲੈਂਸ ਰਾਹੀਂ ਭੇਜਿਆ ਗਿਆ।

ਹਾਈਵੇਅ 'ਤੇ ਯਾਤਰਾ ਕਰਨ ਵਾਲੇ ਡਰਾਈਵਰਾਂ ਨੂੰ ਇਸ ਹਾਦਸੇ ਕਾਰਨ ਸ਼ਾਮ ਤੱਕ ਜਾਮ ਦੀ ਕਤਾਰ ਵਿਚ ਖੜ੍ਹੇ ਰਹਿਣ ਦੀ ਚਿਤਾਵਨੀ ਦਿੱਤੀ ਗਈ ਸੀ, ਜੋਕਿ ਸਕੁਆਮਿਸ਼, ਬੀ.ਸੀ. ਤੋਂ ਲਗਭਗ 24 ਕਿਲੋਮੀਟਰ ਉੱਤਰ ਵਿੱਚ ਵਾਪਰਿਆ ਸੀ।

ਬੀ.ਸੀ. ਐਮਰਜੈਂਸੀ ਹੈਲਥ ਸਰਵਿਸਿਜ਼ ਦੇ ਬੁਲਾਰੇ ਦਾ ਕਹਿਣਾ ਹੈ ਕਿ ਚਾਰ ਜ਼ਮੀਨੀ ਐਂਬੂਲੈਂਸਾਂ ਅਤੇ ਇਕ ਏਅਰ ਐਂਬੂਲੈਂਸ ਨੂੰ ਲਗਭਗ 2:53 ਵਜੇ ਘਟਨਾ ਵਾਲੀ ਥਾਂ 'ਤੇ ਰਵਾਨਾ ਕੀਤਾ ਗਿਆ ਸੀ।

ਜਾਣਕਾਰੀ ਅਨੁਸਾਰ ਹਸਪਤਾਲ ਲਿਜਾਏ ਗਏ ਦੋ ਮਰੀਜ਼ਾਂ ਦੀ ਹਾਲਤ ਬਾਰੇ ਏਜੰਸੀ ਕੋਈ ਟਿੱਪਣੀ ਨਹੀਂ ਕਰ ਸਕੀ। ਘਟਨਾ ਦੀ ਸੂਚਨਾ ਬੀ.ਸੀ. ਆਵਾਜਾਈ ਅਤੇ ਬੁਨਿਆਦੀ ਢਾਂਚਾ ਮੰਤਰਾਲਾ, ਜਿਸ ਨੇ ਇਸ ਨੂੰ ਸੋਸ਼ਲ ਮੀਡੀਆ 'ਤੇ ਦੁਪਹਿਰ 3:15 ਵਜੇ ਦੇ ਕਰੀਬ ਪੋਸਟ ਕੀਤਾ।





















## ਅੱਜ ਨਾਮਾ

ਪਿਛਲੇ ਵਕਤ ਦਾ ਮੀਡੀਆ ਰਿਹਾ ਹੈ ਨਹੀਂ,
ਸੋਸ਼ਲ ਮੀਡੀਏ ਦਾ ਆ ਗਿਆ ਦੌਰ ਮੀਆਂ।
ਅਖਬਾਰਾਂ ਵਕਤ ਸੀ ਅੱਖ ਦੀ ਸ਼ਰਮ ਹੁੰਦੀ,
ਸੋਸ਼ਲ ਮੀਡੀਏ ਦਾ ਹੋਰ ਜਿਹਾ ਤੌਰ ਮੀਆਂ।
ਬਿਨਾਂ ਫਿਕਰ ਇਹ ਕੰਮ ਜਿਹਾ ਕਰੀ ਜਾਂਦਾ,
ਨਿਯਮ-ਅਸੂਲ ਦਾ ਕਰੇ ਨਹੀਂ ਗੌਰ ਮੀਆਂ।
ਬੁਰਾ ਜੇ ਅਸਰ ਜਾਪੇ ਪਾਈਆਂ ਪੋਸਟਾਂ ਦਾ,
ਲਾਗੇ-ਚਾਗੇ ਨਹੀਂ ਦਿੱਸੇ ਫਿਰ ਭੌਰ ਮੀਆਂ।
ਹਰ ਇੱਕ ਕੰਮ ਇਹ ਭਾਵੇਂ ਨਾ ਕਰੇ ਮਾੜਾ,
ਕਾਰਜ ਨੇਕ ਵੀ ਬਾਹਲੇ ਪਿਆ ਕਰੇ ਮੀਆਂ।
ਮਾੜੇ ਅਨਸਰ ਹਨ ਏਸ ਵਿੱਚ ਆਏ ਡਾਢੇ,
ਉਨ੍ਹਾਂ ਭਾਣੇ ਕੋਈ ਮਰਦਾ ਉਹ ਮਰੇ ਮੀਆਂ।

**ਤੀਸ ਮਾਰ ਖਾਂ**

# ਸਾਬਕਾ ਸੈਨਿਕਾਂ ਦੇ ਸਨਮਾਨ ਲਈ ਵਾਰਮਿੰਸਟਰ ’ਚ ਨਵੇਂ ਸੀਨੋਟੈਫ ਦਾ ਉਦਘਾਟਨ



ਬੈਰੀ, 21 ਮਈ (ਪੋਸਟ ਬਿਊਰੋ): ਐਤਵਾਰ ਨੂੰ ਵਾਰਮਿੰਸਟਰ ਵਿੱਚ ਇੱਕ ਨਵੇਂ ਸੀਨੋਟਾਫ ਦਾ ਉਦਘਾਟਨ ਕੀਤਾ ਗਿਆ। ਉਦਘਾਟਨ ਸਮੇਂ, ਕਮਿਊਨਿਟੀ ਮੈਂਬਰ, ਓਰੋ-ਮੇਡੋਂਟੇ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਅਧਿਕਾਰੀ ਅਤੇ ਰਾਇਲ ਕੈਨੇਡੀਅਨ ਲੀਜੀਅਨ ਦੀਆਂ ਵੱਖ-ਵੱਖ ਸ਼ਾਖਾਵਾਂ ਦੇ ਨੁਮਾਇੰਦੇ ਵਾਰਮਿੰਸਟਰ ਬਾਲ ਪਾਰਕ ਵਿਖੇ ਸੀਨੋਟੈਫ਼ ਦੇ ਉਦਘਾਟਨ ਲਈ ਇਕੱਠੇ ਹੋਏ, ਜੋ ਕਿ ਪੁਰਾਣੇ ਸੀਨੋਟਾਫ਼ ਨੂੰ ਬਦਲਣ ਲਈ ਬਣਾਇਆ ਗਿਆ ਸੀ।

ਰੈਜੀਮੈਂਟ ਅਨੁਸਾਰ, ਅਸਲ ਸਮਾਰਕ ਨੂੰ ਵਾਰਮਿੰਸਟਰ ਰੈਜੀਮੈਂਟ ਦੀ ਹਾਈਵੇਅ 12 ਇਮਾਰਤ ਵਿਕਣ ਤੋਂ ਬਾਅਦ ਹਟਾ ਦਿੱਤਾ ਗਿਆ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸਿਟੀ ਆਫ ਓਰੀਲੀਆ ਬ੍ਰਾਂਚ 34 ਪਾਈਪਸ ਅਤੇ ਡਰੱਮਸ ਬੈਂਡ ਨਾਲ ਹੋਈ, ਜੋਕਿ ਸੈਨਾ ਦੇ ਅਧਿਕਾਰੀਆਂ ਅਤੇ ਮੈਂਬਰਾਂ ਦੀ ਅਗਵਾਈ ਕਰ ਰਹੇ ਸਨ, ਜਿਸ ਤੋਂ ਬਾਅਦ ਕਮਿਊਨਿਟੀ ਮੈਂਬਰਾਂ ਅਤੇ ਸਾਬਕਾ ਸੈਨਿਕਾਂ ਵੱਲੋਂ ਭਾਸ਼ਣ ਦਿੱਤੇ ਗਏ।

2021 ਵਿੱਚ, 50 ਸਾਲਾਂ ਬਾਅਦ, ਵਾਰਮਿੰਸਟਰ ਵਿੱਚ ਰਾਇਲ ਕੈਨੇਡੀਅਨ ਰੈਜੀਮੈਂਟ ਬ੍ਰਾਂਚ 619 ਨੇ ਆਪਣੇ ਦਰਵਾਜ਼ੇ ਪੱਕੇ ਤੌਰ 'ਤੇ ਬੰਦ ਕਰ ਦਿੱਤੇ, ਹਾਲਾਂਕਿ ਇਸਦੇ ਮੈਂਬਰ ਇਮਾਰਤ ਦੇ ਸਾਹਮਣੇ ਸੀਨੋਟੈਫ ਲਈ ਇੱਕ ਨਵਾਂ ਘਰ ਲੱਭਣ ਲਈ ਦ੍ਰਿੜ ਸਨ।

ਫੌਜ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੀਨੋਟੈਫ ਅਤੇ ਇਸਦੇ ਆਲੇ ਦੁਆਲੇ ਦੇ ਖੇਤਰਾਂ 'ਤੇ ਵਾਧੂ ਕੰਮ ਦੀ ਜ਼ਰੂਰਤ ਹੈ, ਪਰ ਇਹ ਰੀਮੈਂਬਰੈਂਸ ਡੇਅ ਤੋਂ ਪਹਿਲਾਂ ਪੂਰਾ ਹੋਣ ਦੀ ਉਮੀਦ ਹੈ।

# ਨਹੀਂ ਆਵੇਗਾ ਸਿਮਕੋਏ ਮੁਸਕੋਕਾ ਵਿਚ ਤੂਫ਼ਾਨ, ਅਲਰਟ ਹਟਾਇਆ



ਬੈਰੀ, 21 ਮਈ (ਪੋਸਟ ਬਿਊਰੋ): ਸਿਮਕੋਏ ਮੁਸਕੋਕਾ ਵਿੱਚ ਤੇਜ਼ ਗਰਜ਼-ਤੂਫ਼ਾਨ ਲਈ ਮੌਸਮ ਦੀ ਚੇਤਾਵਨੀ ਹਟਾ ਦਿੱਤੀ ਗਈ ਹੈ। ਐਨਵਾਇਰਮੈਂਟ ਕੈਨੇਡਾ ਦੇ ਮੌਸਮ ਵਿਗਿਆਨੀ ਗੰਭੀਰ ਗਰਜਾਂ ਵਾਲੇ ਖੇਤਰ ਦੀ ਨਿਗਰਾਨੀ ਕਰ ਰਹੇ ਸਨ ਜਿਸ ਤੋਂ ਤੇਜ਼ ਹਵਾ ਦੇ ਝੱਖੜ ਅਤੇ ਨਿੱਕਲ ਤੋਂ ਟੂਨੀ-ਆਕਾਰ ਦੇ ਗੜੇ ਪੈਣ ਦੀ ਸੰਭਾਵਨਾ ਸੀ।

ਸਿਮਕੋਏ ਮੁਸਕੋਕਾ ਅੰਦਰ ਦੋ ਗੰਭੀਰ ਗਰਜਾਂ ਦੀ ਸੰਭਾਵਨਾ ਜਤਾਈ ਗਈ ਸੀ। ਪਹਿਲਾ ਗੰਭੀਰ ਤੂਫ਼ਾਨ ਓਰੋ ਦੇ ਨੇੜੇ 45 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਪੂਰਬ ਵੱਲ ਵਧ ਰਿਹਾ ਸੀ, ਜਦੋਂਕਿ ਦੂਜਾ ਗੰਭੀਰ ਗਰਜ਼-ਤੂਫ਼ਾਨ ਕੁੱਕਸਟਾਊਨ ਤੋਂ 5 ਕਿਲੋਮੀਟਰ ਦੱਖਣ-ਪੱਛਮ ਵਿੱਚ ਵਧ ਰਿਹਾ ਸੀ ਅਤੇ 35 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਪੂਰਬ ਵੱਲ ਵਧ ਰਿਹਾ ਸੀ।

ਇਨ੍ਹਾਂ ਤੂਫਾਨਾਂ ਤੋਂ 90 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਵਾਲੀਆਂ ਹਵਾਵਾਂ ਆਉਣ ਦੀ ਸੰਭਾਵਨਾ ਸੀ, ਜੋ ਸੰਭਾਵੀ ਤੌਰ 'ਤੇ ਪ੍ਰਭਾਵਿਤ ਖੇਤਰਾਂ ਜਿਵੇਂ ਕਿ ਬੈਰੀ, ਇਨਿਸਫਿਲ, ਲਿਟਲ ਲੇਕ, ਓਰੋ, ਕੇਮਪੇਨਫੇਲਟ ਬੇ, ਹਾਕਸਟੋਨ, ਜਾਰਜੀਨਾ ਆਈਲੈਂਡ, ਬ੍ਰੈਡਫੋਰਡ, ਕੁੱਕਸਟਾਊਨ, ਕੇਸਵਿਕ, ਡੀਅਰਹਰਸਟ, ਗਿਲਫੋਰਡ ਅਤੇ ਮੈਪਲ ਹਿੱਲ ਨੂੰ ਪ੍ਰਭਾਵਿਤ ਕਰ ਸਕਦੀਆਂ ਸਨ।

ਐਨਵਾਇਰਮੈਂਟ ਕੈਨੇਡਾ ਸਾਰੀਆਂ ਚਿਤਾਵਨੀਆਂ ਹੁਣ ਖਤਮ ਕਰ ਦਿੱਤੀਆਂ ਹਨ।

# 26 ਮਈ ਨੂੰ ਬਰੈਂਪਟਨ ’ਚ ਹੋਣ ਵਾਲੇ ‘ਇੰਸਪੀਰੇਸ਼ਨਲ ਸਟੈੱਪਸ 2024’ ਈਵੈਂਟ ਦੀਆਂ ਤਿਆਰੀਆਂ ਮੁਕੰਮਲ

### ਵਾਲੰਟੀਅਰਾਂ ਨੇ ਵੱਖ-ਵੱਖ ਡਿਊਟੀਆਂ ਸੰਭਾਲੀਆਂ

### ਚੈਰਿਟੀ ਸੰਸਥਾਵਾਂ ਤੇ ਹੋਰ ਸਹਿਯੋਗੀਆਂ ਨਾਲ ਕਰਵਾਏ ਜਾ ਰਹੇ ਇਸ ਈਵੈਂਟ ਨੂੰਬਰੈਂਪਟਨ ਸਿਟੀ ਕੌਂਸਲ ਵੱਲੋਂ ਮਿਲ ਰਿਹਾ ਏ ਭਰਵਾਂ ਹੁੰਗਾਰਾ

ਬਰੈਂਪਟਨ, (ਡਾ. ਝੰਡ) -ਆਉਂਦੇ ਐਤਵਾਰ 26 ਮਈ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਵਿੱਚ ਟੈਰੀ ਫ਼ੌਕਸ ਸਿੰਥੈਟਿਕ ਸਟੇਡੀਅਮ ਤੋਂ ਆਰੰਭ ਅਤੇ ਇੱਥੇ ਹੀ ਸਮਾਪਤ ਹੋਣ ਵਾਲੇ ਹਾਫ਼-ਮੈਰਾਥਨ ਈਵੈਂਟ‘ਇੰਸਪੀਰੇਸ਼ਨਲ ਸਟੈੱਪਸ 2024’ ਲਈ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਦੌੜ ਤੇ ਵਾੱਕ ਦਾ ਇਹ ਵੱਡਾ ਈਵੈਂਟ ਸਥਾਨਕ ਸੰਸਥਾਵਾਂ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ, ਟੀਪੀਏਆਰ ਕਲੱਬ, ਐੱਨਲਾਈਟ ਕਿੱਡਜ਼, ਸਹਾਇਤਾ, ਪਿੰਗਲਵਾੜਾ, ਡਰੱਗ ਅਵੇਅਰਨੈੱਸ ਸੋਸਾਇਟੀ, ਤਰਕਸ਼ੀਲ ਸੋਸਾਇਟੀ ਵੱਲੋਂ ਮਿਲ ਕੇ ਆਯੋਜਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਇਸ ਈਵੈਂਟ ਨੂੰ ਬਰੈਂਪਟਨ ਦੀਆਂ ਸੀਨੀਅਰਜ਼ਕਲੱਬਾਂ, ਰੱਨ ਫ਼ਾਰ ਵੈੱਟਰਨਜ਼ ਸੰਸਥਾ ਅਤੇ ਬਰੈਂਪਟਨ ਬੈੱਨਡਰਜ਼ ਵੱਲੋਂ ਵੀ ਭਰਵਾਂ ਸਹਿਯੋਗ ਪ੍ਰਾਪਤ ਹੋ ਰਿਹਾ ਹੈ।

ਇਸ ਵਾਰ ਦੇ ‘ਇੰਸਪੀਰੇਸ਼ਨਲ ਸਟੈੱਪਸ 2024’ ਦੀ ਵਿਸ਼ੇਸ਼ਤਾ ਇਹ ਹੈ ਕਿ ਸਿਹਤ ਸਬੰਧੀ ਜਾਗਰੂਕਤਾ ਨਾਲ ਸਬੰਧਿਤ ਇਸ ਈਵੈਂਟ ਵਿਚ ਬਰੈਂਪਟਨ ਸਿਟੀ ਕੌਂਸਲ ਵੱਲੋਂ ਵਿਸ਼ੇਸ਼ ਸਹਿਯੋਗ ਮਿਲ ਰਿਹਾ ਹੈ। ਇਸ ਦੇ ਨਾਲ ਹੀਪੀਲ ਰੀਜਨਲ ਪੋਲੀਸ ਵੱਲੋਂ ਵੀ ਹਰ ਪ੍ਰਕਾਰ ਦੀ ਸੁਰੱਖਿਆ ਯਕੀਨੀ ਬਨਾਉਣ ਦਾ ਭਰੋਸਾ ਦਿਵਾਇਆ ਗਿਆ ਹੈ ਤਾਂ ਜੋ ਇਸ ਦੌੜ ਵਿੱਚ ਸ਼ਾਮਲ ਦੌੜਾਕ ਆਪਣਾ ਧਿਆਨ ਦੌੜ ‘ਤੇ ਪੂਰੀ ਤਰ੍ਹਾਂ ਕੇਂਦ੍ਰਿਤ ਕਰ ਸਕਣ। ਦੌੜਾਂ ਦੇ ਰੂਟ ਨੂੰ ਸੁਰੱਖਿਅਤ ਰੱਖਣ ਲਈ ਉਸ ਦਿਨ ਪੁਲੀਸ ਵੱਲੋਂ ਸਵੇਰੇ ਸੱਤ ਵਜੇ ਤੋਂ ਸਾਢੇ ਗਿਆਰਾਂ ਵਜੇ ਤੱਕ ਬਰੈਮਲੀ ਰੋਡ ਨੂੰ ਨਾਰਥ ਆਫ਼ ਕੁਈਨ ਸਟਰੀਟ ਤੋਂ ਲੈ ਕੇ ਸਾਊਥ ਆਫ਼ ਨੌਰਥ ਪਾਰਕ ਤੀਕ ਟਰੈਫ਼ਿਕ ਲਈ ਪੂਰੀ ਤਰ੍ਹਾਂ ਬੰਦ ਰੱਖਿਆ ਜਾਏਗਾ।

ਇਸ ਈਵੈਂਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਈਵੈਂਟ ਦੇਪ੍ਰਬੰਧਕ ਨਰਿੰਦਰਪਾਲ ਬੈਂਸ ਨੇ ਕਿਹਾ, “ਇਹ ‘ਬਰੈਂਪਟਨ ਹਾਫ਼-ਮੈਰਾਥਨ’ ਮਹਿਜ਼ ਇੱਕ ਦੌੜ ਨਹੀਂ ਹੈ, ਸਗੋਂ ਇਹ ਈਵੈਂਟ‘ਹਾਂ-ਪੱਖੀ ਤਬਦੀਲੀ’ ਤੇ ‘ਸਮਾਜਿਕ-ਸਾਂਝ’ ਦਾ ਪ੍ਰਤੀਕ ਹੈ। ਅਸੀਂ ਆਪਣੀਆਂ ਸਹਿਯੋਗੀ ਸੰਸਥਾਵਾਂ, ਬਰੈਂਪਟਨ ਸਿਟੀ ਕੌਂਸਲ, ਪੀਲ ਰੀਜਨ ਪੁਲੀਸ, ਸਮੂਹ ਸਪਾਂਸਰਾਂਤੇ ਭਾਈਵਾਲਾਂ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਵੱਲੋਂ ਮਿਲੇ ਭਰਵੇਂ ਤੇ ਉਸਾਰੂ ਸਹਿਯੋਗ ਸਦਕਾ ਸਾਨੂੰ ਪੂਰਨ ਆਸ ਹੈ ਕਿ ਇਹ ਈਵੈਂਟ ਗਿਣਾਤਮਿਕ ਤੇ ਗੁਣਾਤਮਿਕ ਦੋਹਾਂ ਪੱਖਾਂ ਤੋਂ ਹੀਯਾਦਗਾਰੀ ਸਾਬਤ ਹੋਵੇਗਾ। ਅਸੀਂ ਸਾਰੇ ਮਿਲ ਕੇ ਕਮਿਊਨਿਟੀ ਦੇ ਉੱਜਲੇ ਭਵਿੱਖ ਲਈ ਕੰਮ ਰਹੇ ਹਾਂ ਅਤੇਮੈਨੂੰ ਪੂਰਾ ਵਿਸ਼ਵਾਸ ਹੈ ਕਿ ਏਸੇ ਤਰ੍ਹਾਂ ਮਿਲ਼ ਕੇ ਚੱਲਦਿਆਂ ਹੋਇਆਂ ਅਸੀਂ ਅੱਗੋਂ ਹੋਰ ਪ੍ਰਾਪਤੀਆਂ ਕਰਾਂਗੇ।“




ਦੌੜ ਦੇ ਰੂਟ ਬਾਰੇ ਗੱਲ ਕਰਦਿਆਂ ਨਰਿੰ-ਦਰ ਪਾਲ ਬੈਂਸ ਨੇ ਦੱਸਿਆ ਕਿ ਇਹ ਚਿੰਗੂਆਕੂਜ਼ੀ ਪਾਰਕ ਦੇ ਟੈਰੀਫ਼ੌਕਸ ਸਿੰਥੈਟਿਕ ਸਟੇਡੀਅਮ ਤੋਂ ਆਰੰਭ ਹੋ ਕੇ ਬਰੈਮਲੀ ਰੋਡ ਉੱਪਰਨਾਰਥ ਪਾਰਕ (ਸਾਊਥ) ਤੱਕ ਜਾਣ ਅਤੇ ਉੱਥੇ ਬਣਦੀਹੋਈ ‘ਲੂਪ’ ਲੈ ਕੇ ਵਾਪਸ ਸਟੇਡੀਅਮ ਆਉਣ ਤੱਕ ਦਾ ਹੈ। ਇੱਕ ਪਾਸੇ ਢਾਈ ਕਿਲੋਮੀਟਰ ਲੰਮੇਂ ਇਸ ਰੂਟ ‘ਤੇ ਪੰਜ ਕਿਲੋਮੀਟਰ ਦੌੜਨ ਵਾਲੇ ਇਸ ਦਾ ਇੱਕ ਹੀ ਚੱਕਰ ਲਾਉਣਗੇ, ਜਦਕਿ 10 ਕਿਲੋਮੀਟਰ ਦੌੜਨ ਵਾਲੇ ਇਸ ਦੇ ਦੋ ਚੱਕਰ ਅਤੇ ਹਾਫ਼-ਮੈਰਾਥਨ ਲਗਾਉਣ ਵਾਲੇ ਚਾਰ ਚੱਕਰ ਲਗਾਉਣਗੇ।

ਸਾਡੇ ਸਾਰਿਆਂ ਲਈ ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਬਰੈਂਪਟਨ ਦੇ ਬਿਜ਼ਨੈੱਸ ਅਦਾਰਿਆਂ ਤੇ ਹੋਰ ਸਥਾਨਕ ਸਮਾਜਿਕ ਸੰਸਥਾਵਾਂ ਵੱਲੋਂ ਇਸ ਈਵੈਂਟ ਲਈ ਭਾਰੀ ਉਤਸ਼ਾਹ ਵਿਖਾਇਆ ਜਾ ਰਿਹਾ ਹੈ। ਦੌੜ ਦੇ ਸਮੁੱਚੇ ਰੂਟ ਉੱਪਰ ਵੱਖ-ਵੱਖ ਥਾਵਾਂ ‘ਤੇ ਕਈ ਸਮਾਜਿਕ ਸੰਸਥਾਵਾਂ ਵੱਲੋਂ ‘ਵਾਟਰ ਸਟੇਸ਼ਨ’ ਕਾਇਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਸਾਲਵੇਸ਼ਨ ਆਰਮੀ ਚਰਚ ਅਤੇ ਬਰੈਂਪਟਨ ਬੈੱਨਡਰਜ਼ ਵਿਸ਼ੇਸ਼ ਤੌਰ ‘ਤੇ ਵਰਨਣਯੋਗ ਹਨ। ਟੈਰੀ ਫ਼ੌਕਸ ਸਟੇਡੀਅਮ ਦੇ ਇੱਕ ਪਾਸੇ ਵੱਖ-ਵੱਖ ਸੰਸਥਾਵਾਂ ਵੱਲੋਂ ਆਪੋ ਆਪਣੇ ਸਟਾਲ ਲਗਾਏ ਜਾ ਰਹੇ ਹਨ। ‘ਬੀਵੀਡੀ ਗਰੁੱਪ’ ਇਸ ਈਵੈਂਟ ਦਾ ‘ਟਾਈਟਲ ਸਪਾਂਸਰ’ ਹੈ ਅਤੇ ਇਸ ਦੇ ਨਾਲ ਹੀ ਦੋ ਦਰਜਨ ਹੋਰ ਸਪਾਂਸਰਾਂ ਵੱਲੋਂ ਵੀ ਭਰਵਾਂ ਸਹਿਯੋਗ ਮਿਲਿਆ ਹੈ। ਦੌੜ ਦੇ ਇਸ ਈਵੈਂਟ ਲਈ ਹੁਣ ਤੀਕ 700 ਦੌੜਾਕਾਂ ਤੇ ਪੈਦਲ ਚੱਲਣ ਵਾਲਿਆਂ ਦੇ ਨਾਵਾਂ ਦੀ ਰਜਿਸਟਰੇਸ਼ਨ ਹੋ ਚੁੱਕੀ ਹੈ। ਮੁਕਾਬਲੇ ਵਾਲੀਆਂ ਦੌੜਾਂ ਦੀ ਰਜਿਸਟ੍ਰੇਸ਼ਨ 19 ਮਈ ਦੀ ਸ਼ਾਮ ਤੀਕ ਹੀ ਹੋ ਸਕੇਗੀ ਅਤੇ ਸ਼ੌਕੀਆ ਦੌੜਨ ਤੇ ਤੁਰਨ ਵਾਲਿਆਂ ਦੀ ਰਜਿਸਟਰੇਸ਼ਨਅਗਲੇ ਕੁਝ ਹੋਰ ਦਿਨਾਂ ਲਈ ਵੀ ਜਾਰੀ ਰਹੇਗੀ।

ਪ੍ਰਬੰਧਕਾਂ ਨੂੰ ਇਸ ਈਵੈਂਟ ਵਿਚਦੌੜਾਕਾਂ ਦੀ ਹੌਸਲਾ ਅਫ਼ਜ਼ਾਈ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕਾਂ ਦੇ ਸ਼ਾਮਲ ਹੋਣ ਦੀ ਆਸ ਹੈ। ਇਸ ਈਵੈਂਟ ਵਿੱਚ 21 ਕਿਲੋਮੀਟਰ ਹਾਫ਼-ਮੈਰਾਥਨ, 10 ਕਿਲੋਮੀਟਰ ਅਤੇ 5 ਕਿਲੋਮੀਟਰ ਮੁਕਾਬਲੇ ਦੀਆਂ ਦੌੜਾਂ ਹੋਣਗੀਆਂ ਅਤੇਇਸ ਤੋਂ ਇਲਾਵਾ ਇਸ ਵਿੱਚ ਸ਼ੁਗਲੀਆ ਤੌਰ ‘ਤੇ ਪੰਜ ਕਿਲੋਮੀਟਰ ਦੌੜਨ ਤੇ ਤੁਰਨ ਵਾਲੇ ਲੋਕ ਵੀ ਸ਼ਾਮਲ ਹੋਣਗੇ। ਬੱਚਿਆਂ ਦੀ 400 ਮੀਟਰ ਅਤੇ ਇੱਕ ਕਿਲੋਮੀਟਰ ਦੌੜ ਸਟੇਡੀਅਮ ਵਿੱਚ ਕਰਵਾਈ ਜਾਏਗੀ। ਲੋਕਾਂ ਵਿੱਚ ਇਸ ਈਵੈਂਟ ਲਈ ਕਾਫ਼ੀ ਉਤਸ਼ਾਹ ਪਾਇਆ ਜਾ ਰਿਹਾ ਹੈ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

**TAX & ACCOUNTING**
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

# ਸਿੰਗਾਪੁਰ ਏਅਰਲਾਈਨਜ਼ ਦਾ ਜਹਾਜ਼ ਟਰਬੂਲੈਂਸ 'ਚ ਫਸਿਆ, ਇੱਕ ਦੀ ਮੌਤ, 30 ਯਾਤਰੀ ਜ਼ਖ਼ਮੀ, ਬੈਂਕਾਕ ਵਿੱਚ ਐਮਰਜੈਂਸੀ ਲੈਂਡਿੰਗ

ਬੈਂਕਾਕ, 21 ਮਈ (ਪੋਸਟ ਬਿਊਰੋ): ਸਿੰਗਾਪੁਰ ਏਅਰਲਾਈਨਜ਼ ਦੀ ਫਲਾਈਟ 'ਚ ਏਅਰ ਟਰਬੂਲੈਂਸ ਕਾਰਨ ਇਕ ਯਾਤਰੀ ਦੀ ਮੌਤ ਹੋ ਗਈ। 30 ਜ਼ਖਮੀ ਹੋ ਗਏ। ਫਲਾਈਟ ਲੰਡਨ ਤੋਂ ਸਿੰਗਾਪੁਰ ਜਾ ਰਹੀ ਸੀ। ਸਿੰਗਾਪੁਰ ਏਅਰਲਾਈਨਜ਼ ਦੀ ਬੋਇੰਗ 777-300ਈਆਰ ਉਡਾਣ ਨੇ ਭਾਰਤੀ ਸਮੇਂ ਅਨੁਸਾਰ ਦੁਪਹਿਰ 2:45 ਵਜੇ ਲੰਡਨ ਤੋਂ ਉਡਾਣ ਭਰੀ।



ਜਾਣਕਾਰੀ ਮੁਤਾਬਕ ਖਰਾਬ ਮੌਸਮ ਕਾਰਨ ਟੇਕਆਫ ਦੇ 11 ਘੰਟੇ ਬਾਅਦ 37 ਹਜ਼ਾਰ ਫੁੱਟ 'ਤੇ ਏਅਰ ਟਰਬੂਲੈਂਸ ਆਈ। ਫਲਾਈਟ ਜ਼ੋਰ ਨਾਲ ਹਿੱਲਣ ਲੱਗੀ। ਉਸ ਸਮੇਂ ਜਹਾਜ਼ ਮਿਆਂਮਾਰ ਦੇ ਹਵਾਈ ਖੇਤਰ ਦੇ ਨੇੜੇ ਸੀ। ਅੰਡੇਮਾਨ ਸਾਗਰ ਪਾਰ ਕਰਨ ਤੋਂ ਬਾਅਦ ਜਹਾਜ਼ 5 ਮਿੰਟਾਂ 'ਚ ਹੀ 37 ਹਜ਼ਾਰ ਫੁੱਟ ਦੀ ਉਚਾਈ ਤੋਂ 31 ਹਜ਼ਾਰ ਫੁੱਟ ਤੱਕ ਹੇਠਾਂ ਆ ਗਿਆ।

ਯਾਤਰੀਆਂ ਨੇ ਕਿਹਾ ਕਿ ਜਦੋਂ ਜਹਾਜ਼ ਆਪਣੀ ਉਚਾਈ ਨੂੰ ਘੱਟ ਕਰ ਰਿਹਾ ਸੀ ਤਾਂ ਉਨ੍ਹਾਂ ਨੂੰ ਸੀਟ ਬੈਲਟ ਪਹਿਨਣ ਦੀ ਚੇਤਾਵਨੀ ਨਹੀਂ ਦਿੱਤੀ ਗਈ ਸੀ। ਇਸ ਕਾਰਨ ਕਈ ਯਾਤਰੀਆਂ ਨੇ ਆਪਣੀਆਂ ਸੀਟਾਂ ਤੋਂ ਉਛਲ ਗਏ। ਉਨ੍ਹਾਂ ਦਾ ਸਿਰ ਸਾਮਾਨ ਦੇ ਡੱਬੇ ਨਾਲ ਟਕਰਾ ਗਿਆ। ਕਈ ਲੋਕ ਜ਼ਖਮੀ ਹੋ ਗਏ। ਇੱਕ ਯਾਤਰੀ ਦੀ ਮੌਤ ਹੋ ਗਈ। ਇਸ ਤੋਂ ਬਾਅਦ ਭਾਰਤੀ ਸਮੇਂ ਅਨੁਸਾਰ ਦੁਪਹਿਰ 2:15 ਵਜੇ ਫਲਾਈਟ ਨੂੰ ਬੈਂਕਾਕ ਵੱਲ ਮੋੜ ਦਿੱਤਾ ਗਿਆ। ਇੱਥੇ ਸੁਵਰਨਭੂਮੀ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਫਲਾਈਟ ਨੇ ਦੁਪਹਿਰ 3:40 'ਤੇ ਸਿੰਗਾਪੁਰ 'ਚ ਲੈਂਡ ਕਰਨਾ ਸੀ।

Tech Spirit
Consultation, Installation & Servicing
Specialized in:
- Analog & IP security cameras
- Installation & Maintenance, Upgrade
- Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਿਊਰਿਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

You can Place Your Business Here (905)793-2202
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਮਹੀਨੇਵਾਰ ਮੀਟਿੰਗ ''ਚ ਸੁਰਜੀਤ ਪਾਤਰ ਨੂੰ ਦਿੱਤੀ ਗਈ ਭਰਪੂਰ ਸ਼ਰਧਾਂਜਲੀ

## ਸ਼ਹੀਦ ਕਰਤਾਰ ਸਿੰਘ ਸਰਾਭਾ ਤੇ 'ਮਾਂ-ਦਿਵਸ' ਬਾਰੇ ਹੋਈ ਵਿਚਾਰ-ਚਰਚਾ, ਕਵੀ-ਦਰਬਾਰ ਵੀ ਹੋਇਆ






ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 19 ਮਈ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ (ਰਜਿ.) ਦੇ ਮਹੀਨਾਵਾਰ ਸਮਾਗ਼ਮ ਵਿੱਚ ਪੰਜਾਬੀ ਦੇ ਸਿਰਮੌਰ ਕਵੀ ਡਾ. ਸੁਰਜੀਤ ਪਾਤਰ ਦੇ ਸਦੀਵੀ ਵਿਛੋੜੇ 'ਤੇ ਬੁਲਾਰਿਆਂ ਵੱਲੋਂ ਭਾਵਪੂਰਤ ਸ਼ਬਦਾਂ ਵਿਚ ਸ਼ਰਧਾਂਜਲੀ ਅਰਪਿਤ ਕੀਤੀ ਗਈ। ਪ੍ਰਧਾਨਗੀ-ਮੰਡਲ ਵਿੱਚ ਸੁਸ਼ੋਭਿਤ ਹੋਣ ਲਈ ਸਰਵਸ਼੍ਰੀ ਕ੍ਰਿਪਾਲ ਸਿੰਘ ਪੰਨੂੰ, ਬਲਰਾਜ ਚੀਮਾ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਸ਼ਮਸ਼ੇਰ ਸਿੰਘ ਅਤੇ ਮੈਡਮ ਸੁਖਚਰਨਜੀਤ ਗਿੱਲ ਨੂੰ ਬੇਨਤੀ ਕਰਨ ਤੋਂ ਬਾਅਦ ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਡਾ. ਸੁਖਦੇਵ ਸਿੰਘ ਝੰਡ ਨੂੰ ਸਭਾ ਵੱਲੋਂ ਡਾ. ਸੁਰਜੀਤ ਪਾਤਰ ਦੇ 11 ਮਈ ਨੂੰ ਹੋਏ ਦੁਖਦਾਈ ਅਕਾਲ-ਚਲਾਣੇ 'ਤੇ 'ਸ਼ੋਕ-ਮਤਾ' ਪੇਸ਼ ਕਰਨ ਲਈ ਕਿਹਾ ਜਿਨ੍ਹਾਂ ਨੇ ਇਸ ਮਤੇ ਵਿਚ ਪੰਜਾਬੀ ਦੇ ਉੱਚ-ਦੁਮਾਲੜੇ ਕਵੀ ਡਾ. ਪਾਤਰ ਨੂੰ ਪੰਜਾਬੀ ਸਾਹਿਤ ਤੇ ਵਿਸ਼ੇਸ਼ ਕਰਕੇ ਪੰਜਾਬੀ ਕਵਿਤਾ ਨੂੰ ਅਮੀਰੀ ਬਖ਼ਸ਼ਣ ਵਾਲਾ ਕਵੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਨਵੇਂ ਬਿੰਬ, ਪ੍ਰਤੀਕ, ਮੁਹਾਵਰੇ, ਸ਼ਬਦ ਤੇ ਵਿਚਾਰ ਪ੍ਰਦਾਨ ਕਰਨ ਲਈ ਸੁਰਜੀਤ ਪਾਤਰ ਨੂੰ ਬੜੀ ਇੱਜ਼ਤ ਤੇ ਮਾਣਨਾਲ ਯਾਦ ਕੀਤਾ ਜਾਂਦਾ ਰਹੇਗਾ। ਉਪਰੰਤ, ਸਾਰਿਆਂ ਵੱਲੋਂ ਦੋ ਮਿੰਟ ਦਾ ਮੋਨ ਰੱਖ ਕੇ ਪਾਤਰ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਮੈਂਬਰਾਂ ਤੇ ਮਹਿਮਾਨਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਸਮਾਗ਼ਮ ਦੀ ਕਾਰਵਾਈ ਇਕਬਾਲ ਬਰਾੜ ਵੱਲੋਂ ਗਾਈ ਗਈ ਸੁਰਜੀਤ ਪਾਤਰ ਦੀ ਖ਼ੂਬਸੂਰਤ ਗ਼ਜ਼ਲ "ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣਕੇ" ਨਾਲ ਕੀਤੀ ਗਈ। ਉਪਰੰਤ, ਕਿਰਪਾਲ ਸਿੰਘ ਪੰਨੂੰ ਨੇ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਵਿਚਲੇ ਸਾਰਥਿਕ ਤੇ ਉਸਾਰੂ ਸੁਨੇਹਿਆਂ ਦੀ ਗੱਲ ਕੀਤੀ, ਜਦਕਿਬਲਰਾਜ ਚੀਮਾ ਨੇ ਪਾਤਰ ਆਪਣੀਆਂ ਕਵਿਤਾਵਾਂ ਵਿੱਚ ਵਰਤੇ ਗਏ ਬਿੰਬ 'ਬਿਰਖ਼' ਨੂੰ ਚਰਚਾ ਦਾ ਵਿਸ਼ਾ ਬਣਾਇਆ। ਇੰਜੀ. ਈਸ਼ਰ ਸਿੰਘ ਨੇ ਪਾਤਰ ਦੀਆਂ ਲਿਖ਼ਤਾਂ ਤੋਂ ਸਾਰਿਆਂ ਨੂੰ ਸਾਰਥਿਕ ਸੇਧ ਲੈਣ ਲਈ ਕਿਹਾ। ਮੰਚ-ਸੰਚਾਲਕ ਤਲਵਿੰਦਰ ਮੰਡ ਦੇ ਸ਼ਬਦਾਂ ਦੀ ਪ੍ਰੋੜ੍ਹਤਾ ਕਰਦਿਆਂ ਹੋਇਆਂ ਕੁਲਜੀਤ ਮਾਨ ਨੇ ਕਿਹਾ ਕਿ ਸੁਰਜੀਤ ਪਾਤਰ ਬਹੁਤ ਵਧੀਆ ਜੀਵਨ ਜੀਅ ਕੇ ਆਪਣੀਆਂ ਖ਼ੂਬਸੂਰਤਕਿਰਤਾਂ ਸਾਨੂੰ ਦੇ ਕੇ ਗਏ ਹਨ ਅਤੇ ਇਨ੍ਹਾਂ ਸਦਕਾ ਉਹ ਹਮੇਸ਼ਾ ਸਾਡੇ ਨਾਲ ਰਹਿਣਗੇ। ਰੋਣਾ-ਧੋਣਾ ਛੱਡ ਕੇ ਸਾਨੂੰ ਇਨ੍ਹਾਂ ਲਿਖ਼ਤਾਂ ਤੋਂ ਪ੍ਰੇਰਨਾ ਤੇ ਸੇਧ ਲੈ ਕੇ ਅੱਗੇ ਵੱਧਣਾ ਚਾਹੀਦਾ ਹੈ। ਇਸ ਦੌਰਾਨ ਸੁਖਚਰਨਜੀਤ ਕੌਰ ਗਿੱਲ ਤੇ ਸੁਰਜੀਤ ਕੌਰ ਵੱਲੋਂ ਵੀ ਡਾ. ਪਾਤਰ ਨੂੰ ਸ਼ਾਨਦਾਰ ਸ਼ਾਬਦਿਕ ਸ਼ਰਧਾਂਜਲੀ ਅਰਪਿਤ ਕੀਤੀ ਗਈ।

ਸਮਾਗ਼ਮ ਦੇ ਅਗਲੇ ਪੜਾਅ ਵਿੱਚ ਮਲੂਕ ਸਿੰਘ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ, ਉਨ੍ਹਾਂ ਦੀ ਗ਼ਦਰ ਲਹਿਰ ਨੂੰ ਮਹਾਨ ਦੇਣ ਅਤੇ ਭਾਰਤ ਦੀ ਆਜ਼ਾਦੀ ਲਈ ਦਿੱਤੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਮਹਿਜ਼ 19 ਸਾਲ ਦੀ ਉਮਰ ਵਿੱਚ ਫ਼ਾਂਸੀ 'ਤੇ ਚੜ੍ਹਨ ਵਾਲਾ ਕਰਤਾਰ ਸਿੰਘ ਸਰਾਭਾ ਕ੍ਰਾਂਤੀਕਾਰੀ ਵਿਚਾਰਾਂ ਨਾਲਲੈਸ ਨੌਜੁਆਨ ਦੇਸ਼-ਭਗਤ ਸੀ। ਉਚੇਰੀ ਵਿੱਦਿਆ ਲਈ ਅਮਰੀਕਾ ਦੇ ਸ਼ਹਿਰ ਸਾਨਫ਼ਰਾਂਸਿਸਕੋ ਪਹੁੰਚ ਕੇ ਜਦੋਂ ਉਸ ਨਾਲ ਹੋਏ ਗ਼ੁਲਾਮੀ ਵਾਲੇ ਵਤੀਰੇ ਦਾ ਉਸ ਨੂੰ ਅਹਿਸਾਸ ਹੋਇਆ ਤਾਂ ਉਸ ਦੇ ਜੀਵਨ ਦਾ ਮਕਸਦ ਹੀ ਬਦਲ ਗਿਆ। ਆਪਣੀ ਪੜ੍ਹਾਈ ਵਿਚਾਲੇ ਹੀ ਛੱਡ ਕੇ ਉਸ ਨੇ ਲਾਲਾ ਹਰਦਿਆਲ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਵਿਸਾਖਾ ਸਿੰਘ ਤੇ ਹੋਰ ਗ਼ਦਰੀ ਬਾਬਿਆਂ ਨਾਲ'ਗ਼ਦਰ ਲਹਿਰ'ਵਿੱਚ ਸ਼ਾਮਲ ਹੋ ਕੇ ਇਸ ਨੂੰ ਵੱਡਾ ਹਲੂਣਾ ਦਿੱਤਾ। 'ਗ਼ਦਰ' ਅਖ਼ਬਾਰ ਦੇ ਪੰਜਾਬੀ ਅੰਕ ਵਿੱਚ ਛਪਦੀਆਂ ਉਸਦੀਆਂ ਕਵਿਤਾਵਾਂ ਨੌਜੁਆਨਾਂ ਦੇ ਗਰਮ ਖ਼ੂਨ ਨੂੰ ਉਬਾਲਾ ਦਿੰਦੀਆਂ ਸਨ। ਉਹ ਸ਼ਹੀਦ ਭਗਤ ਸਿੰਘ ਦਾ ਪ੍ਰੇਰਨਾ-ਸਰੋਤ ਸੀ। ਏਸੇ ਲਈ ਨੌਜੁਆਨ ਭਗਤ ਸਿੰਘ ਉਸ ਦੀ ਫ਼ੋਟੋ ਆਪਣੀ ਜੇਬ ਵਿੱਚ ਰੱਖਦਾ ਸੀ।

ਇਸ ਸੈਸ਼ਨ ਦਾ ਅਗਲਾ ਪੜਾਅ 'ਮਾਂ-ਦਿਵਸ' 'ਤੇ ਮਾਵਾਂ ਦੇ ਯੋਗਦਾਨ ਨੂੰ ਯਾਦ ਕਰਨ ਦਾ ਸੀ। 'ਮਾਂ-ਦਿਵਸ' ਸਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਸੁਰਿੰਦਰਜੀਤ ਕੌਰ ਨੇ ਇਤਿਹਾਸ ਵਿੱਚੋਂ ਅਸ਼ੋਕ, ਚੰਦਰ ਗੁਪਤ ਮੌਰੀਆ, ਸ਼ਿਵਾ ਜੀ ਮਰਹੱਟਾ ਦੀਆਂ ਮਾਵਾਂ, ਹਜ਼ਰਮ ਮੁਹੰਮਦ ਸਾਹਿਬ ਦੀ ਬੇਗ਼ਮ ਅਤੇ ਗੁਰੂ ਨਾਨਕ ਦੇਵ ਜੀ ਦੀ ਮਾਤਾ ਤ੍ਰਿਪਤਾ ਜੀਦੀਆਂਉਦਾਹਰਣਾਂ ਦੇ ਕੇ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਮਾਂ ਦੀ ਮਹੱਤਵਪੂਰਨ ਭੂਮਿਕਾ ਬਾਰੇ ਬਾਖ਼ੂਬੀ ਜ਼ਿਕਰ ਕੀਤਾ। ਇਸ ਵਿੱਚ ਵਾਧਾ ਕਰਦਿਆਂ ਹੋਇਆਂਸੁਰਜੀਤ ਕੌਰ ਨੇ ਥੌਮਸ ਐਡੀਸਨ ਦੀ ਮਾਂ ਦੀ ਭਰਵੀਂ ਤਾਰੀਫ਼ ਕੀਤੀ ਜਿਸ ਨੇ ਥੌਮਸ ਦੇ ਟੀਚਰ ਦੀ ਆਈ ਉਸ ਦੀ 'ਮੰਦਬੁੱਧੀ ਵਾਲੀ ਰਿਪੋਰਟ' ਨੂੰ ਛੁਪਾ ਕੇ ਅਤੇ ਇਸ ਨੂੰ 'ਹਾਂ-ਪੱਖੀ'ਆਖ ਕੇ ਆਪਣੇ ਪੁੱਤਰ ਦੀ ਹੌਸਲਾ ਅਫ਼ਜ਼ਾਈ ਕੀਤੀਜਿਸ ਨਾਲ ਉਹ ਅੱਗੋਂ ਜੀਵਨ ਵਿੱਚ ਸਫ਼ਲ ਵਿਗਿਆਨੀ ਬਣਿਆ ਅਤੇ ਕਈ ਨਵੀਆਂ ਖੋਜਾਂ ਕੀਤੀਆਂ। ਇਸ ਦੌਰਾਨ ਰਾਜ ਕੁਮਾਰ ਓਸ਼ੋਰਾਜ, ਕਰਨ ਅਜਾਇਬ ਸਿੰਘ ਸੰਘਾ ਅਤੇ ਸੁਖਦੇਵ ਸਿੰਘ ਝੰਡ ਵੱਲੋਂ ਵੀ ਮਾਂ-ਦਿਵਸ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸੁਰਜੀਤ ਪਾਤਰ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਮਾਂ-ਦਿਵਸ ਬਾਰੇ ਬੜੇ ਭਾਵਪੂਰਤ ਸ਼ਬਦਾਂ ਨਾਲ ਇਸ ਸੈਸ਼ਨ ਨੂੰ ਸਮੇਟਿਆ ਗਿਆ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿਚ ਪ੍ਰਧਾਨਗੀ-ਮੰਡਲ ਵਿਚ ਬੈਠਣ ਲਈ ਕਰਨ ਅਜਾਇਬ ਸਿੰਘ ਸੰਘਾ, ਸੁਰਜੀਤ ਕੌਰ ਅਤੇ ਕਰਨੈਲ ਸਿੰਘ ਮਰਵਾਹਾ ਨੂੰ ਬੇਨਤੀ ਕੀਤੀ ਗਈ। ਇਸ ਦੇ ਮੰਚ-ਸੰਚਾਲਕ ਪਰਮਜੀਤ ਢਿੱਲੋਂ ਨੇ ਆਪਣੀਆਂ ਖ਼ੂਬਸੂਰਤ ਟਿੱਪਣੀਆਂ ਨਾਲ ਸੱਭ ਤੋਂ ਪਹਿਲਾਂ ਹਰਮੇਸ਼ ਜੀਂਦੋਵਾਲ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਪੂਰੇ ਵਜਦ 'ਚ ਆ ਕੇ ਸੁਰਜੀਤ ਪਾਤਰ ਦੀ ਗ਼ਜ਼ਲ"ਬੇਚੈਨ ਕਿਉਂ ਹੈਂ, ਤੂੰ ਰੰਜੂਰ ਕਿਉਂ ਹੈਂ" ਗਾਈਅਤੇ ਫਿਰ ਵਾਰੋ-ਵਾਰੀ ਜੱਸੀ ਭੁੱਲਰ (ਢਪਾਲੀ), ਹਰਜੀਤ ਸਿੰਘ, ਹਰਚਰਨ ਸਿੰਘ, ਸੁਖਚਰਨਜੀਤ ਗਿੱਲ, ਰੂਬੀ ਕਰਤਾਰਪੁਰੀ, ਰਾਜਕੁਮਾਰ ਓਸ਼ੋਰਾਜ, ਸੁਰਿੰਦਰ ਸ਼ਰਮਾ, ਇਕਬਾਲ ਬਰਾੜ, ਜਗਮੋਹਨ ਸੰਘਾ, ਮਲੂਕ ਸਿੰਘ ਕਾਹਲੋਂ, ਕਰਨ ਅਜਾਇਬ ਸਿੰਘ ਸੰਘਾ, ਸੁਰਜੀਤ ਕੌਰ, ਸੁਖਦੇਵ ਸਿੰਘ ਝੰਡ, ਤਲਵਿੰਦਰ ਸਿੰਘ ਮੰਡ, ਪਰਮਜੀਤ ਢਿੱਲੋਂ ਤੇ ਕਈ ਹੋਰਨਾਂ ਨੇ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਅਤੇਮਾਂ-ਦਿਵਸ ਤੇ ਹੋਰ ਵਿਸ਼ਿਆਂ ਬਾਰੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਦੌਰਾਨ ਸਰੋਤਿਆਂ ਸਿਕੰਦਰ ਸਿੰਘ ਗਿੱਲ,ਦਰਸ਼ਨ ਸਿੰਘ ਦਰਸ਼ਨ, ਸ਼ਮਸ਼ੇਰ ਸਿੰਘ, ਡਾ. ਅਮਰਜੀਤ ਸਿੰਘ ਫਗਵਾੜਾ, ਅਵਤਾਰ ਸਿੰਘ ਸੰਧੂ, ਅਫ਼ਜ਼ਲ ਮੁਹੰਮਦ, ਅਫ਼ਜ਼ਲ ਰਾਜ਼, ਪਰਸ਼ੋਤਮ ਸਿੰਘ, ਹਰਦਿਆਲ ਝੀਤਾ, ਅਜੀਤ ਸਿੰਘ, ਦਵਿੰਦਰ ਰੰਧਾਵਾ, ਅਵਤਾਰ ਸਾਚਾ, ਹਰਭਿੰਦਰ ਕੌਰ, ਪਰਮਿੰਦਰਜੀਤ ਕੌਰ ਤੇ ਹੋਰ ਕਈਆਂ ਨੇ ਹਾਜ਼ਰ ਹੋ ਕੇ ਸਮਾਗ਼ਮ ਦੀ ਰੌਣਕ ਨੂੰ ਚਾਰ ਚੰਨ ਲਾਏ। ਅਖ਼ੀਰ ਵਿੱਚ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮਾਗ਼ਮ ਨੂੰ ਬੜੇ ਵਧੀਆ ਸ਼ਬਦਾਂ ਨਾਲ ਸੰਪੰਨ ਕੀਤਾ ਗਿਆ।

# ਪੀਸੀਐੱਚਐੱਸ ਦੇ ਸੀਨੀਅਰਜ਼ ਗਰੁੱਪ ਦੀ ਵਿਸ਼ੇਸ਼ ਇਕੱਤਰਤਾ 'ਚ ਮੰਤਰੀ ਹਰਜੀਤ ਸੱਜਣ ਤੇ ਐੱਮ.ਪੀ. ਰੂਬੀ ਸਹੋਤਾ ਨੇ ਕੀਤੀ ਸ਼ਿਰਕਤ





ਬਰੈਂਪਟਨ, (ਡਾ. ਝੰਡ)- ਲੰਘੇ ਸ਼ੁੱਕਰਵਾਰ 17 ਮਈ ਨੂੰ ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ (ਪੀਸੀਐੱਚਐੱਸ) ਦੇ ਸੀਨੀਅਰਜ਼ ਗਰੁੱਪ ਦੀ ਇਕੱਤਰਤਾ ਵਿੱਚ ਕੈਨੇਡਾ ਦੀਆਂ ਐਮਰਜੈਂਸੀ ਸੇਵਾਵਾਂ ਦੇ ਮੰਤਰੀ ਹਰਜੀਤ ਸੱਜਣ ਅਤੇ ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਉਚੇਚੇ ਤੌਰ 'ਤੇ ਸ਼ਾਮਲ ਹੋਏ ਜਿਸ ਨਾਲ ਗਰੁੱਪ ਦੀ ਇਹ ਹਫ਼ਤਾਵਾਰੀ ਇਕੱਤਰਤਾ ਆਮ ਤੋਂ 'ਖ਼ਾਸ' ਬਣ ਗਈ। ਗਰੁੱਪ ਦੇ ਮੈਂਬਰ ਸਵੇਰੇ ਸਾਢੇ ਨੌਂ ਵਜੇ ਆਪਣੀਆਂ ਸੀਟਾਂ 'ਤੇ ਬਿਰ-ਾਜਮਾਨ ਹੋ ਗਏ। ਪੀਸੀਐੱਚਐੱਸ ਦੀਸੀਨੀਅਰ ਕੋਆਰਡੀਨੇਟਰ ਗੁਲਵਿੰ-ਦਰ ਕੌਰ ਵੱਲੋਂ ਮੁੱਖ-ਮਹਿਮਾਨਾਂ ਹਰਜੀਤ ਸੱਜਣ ਤੇ ਰੂਬੀ ਸਹੋਤਾ ਅਤੇ ਗਰੁੱਪ ਦੇ ਸਮੂਹ ਮੈਂਬਰਾਂ ਦਾ ਸੁਆਗ਼ਤ ਕਰਦਿਆਂ ਉਨ੍ਹਾਂ ਨੂੰ ਹਾਰਦਿਕ 'ਜੀ-ਆਇਆਂ' ਕਿਹਾ ਗਿਆ। ਉਪਰੰਤ, ਗਰੁੱਪ ਦੇ ਕੋਆਰਡੀਨੇਟਰ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਦੀ ਕਾਰਵਾਈ ਆਰੰਭ ਕਰਦਿਆਂ ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਦੇ 11 ਮਈ ਨੂੰ ਹੋਏ ਅਚਾਨਕ ਅਕਾਲ ਚਲਾਣੇ 'ਤੇ ਭਾਵਪੂਰਤ ਸ਼ਬਦਾਂ ਵਿਚ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਸੱਭਨਾਂ ਵੱਲੋਂ ਦੋ ਮਿੰਟ ਦਾ ਮੋਨ ਧਾਰ ਕੇ ਪ੍ਰਮਾਤਮਾ ਨੂੰ ਉਨ੍ਹਾਂ ਦੀ ਵਿੱਛੜੀ ਰੂਹ ਨੂੰ ਸ਼ਾਂਤੀ ਦੇਣ ਤੇ ਪਰਿਵਾਰਕ ਮੈਂਬਰਾਂ ਤੇ ਸਬੰਧੀਆਂ ਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਬੇਨਤੀ ਕੀਤੀ ਗਈ।

ਫ਼ੈੱਡਰਲ ਮੰਤਰੀ ਹਰਜੀਤ ਸੱਜਣ ਦਾ ਸੁਆਗ਼ਤ ਕਰਦਿਆਂ ਐੱਮ.ਪੀ. ਰੂਬੀ ਸਹੋਤਾ ਨੇ ਉਨ੍ਹਾਂ ਨੂੰ ਨੇਕ ਤੇ ਗਤੀਸ਼ੀਲ ਵਿਅੱਕਤੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹਰਜੀਤ ਸੱਜਣ ਸਾਰੇ ਕੈਨੇਡਾ-ਵਾਸੀਆਂ ਦੇ 'ਸੱਜਣ' ਹਨ। ਉਨ੍ਹਾਂ ਪਹਿਲਾਂ ਕੈਨੇਡਾ ਦੇ ਰੱਖਿਆ ਮੰਤਰੀ ਵਜੋਂ ਆਪਣੀਆਂ ਸੇਵਾਵਾਂ ਨਿਭਾਈਆਂ ਅਤੇ ਹੁਣ ਐਮਰਜੈਂਸੀ ਸੇਵਾਵਾਂ ਦੇ ਮੰਤਰੀ ਵਜੋਂ ਇਹ ਸੇਵਾ ਬਾਖ਼ੂਬੀ ਨਿਭਾਅ ਰਹੇ ਹਨ। ਆਪਣੇ ਸੰਬੋਧਨ ਵਿੱਚ ਰੂਬੀ ਸਹੋਤਾ ਨੇ ਪੀਸੀਐੱਚਐੱਸ ਵੱਲੋਂ ਕਮਿਊਨਿਟੀ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਚਰਚਾ ਕੀਤੀ ਅਤੇ ਇਸ ਦੇ ਨਾਲ ਹੀ ਫ਼ੈੱਡਰਲ ਸਰਕਾਰ ਵੱਲੋਂ ਸੀਨੀਅਰਜ਼ ਨੂੰ ਦਿੱਤੀ ਜਾ ਰਹੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਜਿਨ੍ਹਾਂ ਵਿੱਚ ਸੀਨੀਅਰਜ਼ ਲਈ ਡੈਂਟਲ ਕੇਅਰ ਦੀ ਸ਼ੁਰੂ ਕੀਤੀ ਜਾ ਰਹੀ ਨਵੀਂ ਸਕੀਮ ਸ਼ਾਮਲ ਹੈ। ਡੈਂਟਲ ਕੇਅਰ ਪਲੈਨ ਦੇ ਵਿਸਥਾਰ ਵਿੱਚ ਜਾਂਦਿਆਂ ਉਨ੍ਹਾਂ ਦੱਸਿਆ ਕਿ ਫ਼ੈਡਰਲ ਸਰਕਾਰ ਦੀ ਸੀਨੀਅਰਜ਼ ਲਈ ਸ਼ੁਰੂ ਕੀਤੀ ਜਾ ਰਹੀ ਇਸ ਪਲੈਨ ਦਾ ਘੇਰਾ ਬੜਾ ਵਿਸ਼ਾਲ ਹੈ ਉਹ ਇਸ ਤਹਿਤ ਦੰਦਾਂ ਦੀ ਸਫ਼ਾਈ ਤੋਂ ਲੈ ਕੇ ਦੰਦਾਂ ਤੇ ਮਸੂੜਿਆਂ ਦੀਆਂ ਬੀਮਾਰੀਆਂ, ਦੰਦ-ਦਾੜ੍ਹ ਪੁਟਵਾਉਣ,ਰੂਟ-ਕੈਨਾਲ ਟਰੀਟਮੈਂਟ ਕਰਾਉਣ ਅਤੇਨਵੇਂ ਦੰਦ (ਡੈਂਚਰ) ਲਵਾਉਣਤੱਕ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਕਰ ਸਕਦੇ ਹਨ।

ਮੰਤਰੀ ਹਰਜੀਤ ਸੱਜਣ ਨੇ ਪੰਜਾਬੀਆਂ ਦੀ ਕੈਨੇਡਾ ਵਿਚ ਆਮਦ ਬਾਰੇ ਗੱਲ ਕਰਦਿਆਂ ਕਿਹਾ ਕਿ ਪਿਛਲੀ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬੀ ਕੈਨੇਡਾ ਵਿੱਚ ਆਉਣੇ ਸ਼ੁਰੂ ਹੋਏ ਅਤੇ ਹੁਣ ਉਹ ਇਸ ਸਮੇਂ ਉਨ੍ਹਾਂ ਦੀ ਤੀਸਰੀ ਤੇ ਚੌਥੀ ਪੀੜ੍ਹੀ ਇੱਥੇ ਬੜਾ ਵਧੀਆ ਜੀਵਨ ਬਤੀਤ ਕਰ ਰਹੀ ਹੈ। ਪੰਜਾਬੀਆਂ ਨੇ ਹਰੇਕ ਖ਼ੇਤਰ ਵਿੱਚ ਇੱਥੇ ਵੱਡੀਆਂ ਮੱਲਾਂ ਮਾਰੀਆਂ ਹਨ ਅਤੇ ਉਹ ਇੱਥੋਂ ਦੇ ਮਾਣਯੋਗ ਸ਼ਹਿਰੀ ਹਨ। ਸਾਨੂੰ ਸਾਰਿਆਂ ਨੂੰ ਮਿਲ ਕੇ ਕੈਨੇਡਾ ਦੀ ਬੇਹਤਰੀ ਤੇ ਖ਼ੁਸ਼ਹਾਲੀ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੀਸੀਐੱਚਐੱਸ ਵਰਗੀਆਂ ਸਮਾਜ-ਸੇਵੀ ਸੰਸਥਾਵਾਂ ਦਾ ਇੱਥੋਂ ਦੀਆਂ ਕਮਿਊਨਿਟੀਆਂ ਦੀ ਬੇਹਤਰੀ ਵਿਚ ਵਿਸ਼ੇਸ਼ ਯੋਗਦਾਨ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਪੀਸੀਐੱਚਐੱਸ ਦੀ 'ਚੜ੍ਹਦੀ-ਕਲਾ' ਲਈ ਕਾਮਨਾ ਕੀਤੀ। ਮੈਂਬਰਾਂ ਵੱਲੋਂ ਕੀਤੇ ਗਏ ਬਹੁਤ ਸਾਰੇ ਸੁਆਲਾਂ ਦੇ ਜੁਆਬ ਵੀ ਉਨ੍ਹਾਂ ਵੱਲੋਂ ਬੜੇ ਤਸੱਲੀ-ਪੂਰਵਕ ਦਿੱਤੇ ਗਏ। ਸੁਆਲ-ਕਰਤਾਵਾਂ ਵਿੱਚ ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਯਸ਼ ਦੱਤਾ, ਸੁਰਿੰਦਰ ਅਰੋੜਾ, ਕੰਵਲਜੀਤ ਪੁਰੀ, ਸਰਬਜੀਤ ਕਾਹਲੋਂ ਤੇ ਕਈ ਹੋਰ ਸ਼ਾਮਲ ਸਨ। ਸੀਨੀਅਰਜ਼ ਦੀ ਹੋਮ-ਕੇਅਰ ਬਾਰੇ ਪੁੱਛੇ ਗਏ ਇੱਕ ਸੁਆਲ ਦੇ ਜੁਆਬ ਵਿੱਚ ਉਨ੍ਹਾਂ ਦੱਸਿਆ ਕਿਲੋੜਵੰਦਬਜ਼ੁਰਗਾਂ ਦੀ ਘਰਾਂ ਵਿੱਚ ਸਾਂਭ-ਸੰਭਾਲ ਲਈਵਿਸ਼ੇਸ਼ ਵਿੱਤੀ ਸਹਾਇਤਾ ਦੇਣ ਬਾਰੇ ਫ਼ੈੱਡਰਲ ਸਰਕਾਰ ਵਿਚਾਰ ਕਰ ਰਹੀ ਹੈ।

ਪੀਸੀਐੱਚਐੱਸ ਦੀ ਸੀਈਓ ਮੈਡਮ ਅਮਨਦੀਪ ਕੌਰ ਨੇ ਹਰਜੀਤ ਸੱਜਣ ਤੇ ਰੂਬੀ ਸਹੋਤਾ ਦਾ ਇਸ ਗਰੁੱਪ ਮੀਟਿੰਗ ਵਿਚ ਸ਼ਾਮਲ ਲਈ ਧੰਨਵਾਦ ਕਰਦਿਆਂ ਕਿਹਾ ਕਿ ਸੰਸਥਾ ਦੇ ਬਾਨੀ ਬਲਦੇਵ ਸਿੰਘ ਮੁੱਤਾ ਵੱਲੋਂ ਲਗਾਇਆ ਹੋਇਆ ਇਹ ਬੂਟਾ ਬੜੀ ਵਧੀਆ ਤਰ੍ਹਾਂ ਪੱਲਰ ਰਿਰਾ ਹੈ ਅਤੇ ਇਹ ਸੰਸਥਾ ਕਮਿਊਨਿਟੀ ਦੀ ਵੱਖ-ਵੱਖ ਪੱਖਾਂ ਤੋਂ ਸੇਵਾ ਕਰਨ ਵਿਚ ਰੁੱਝੀ ਹੋਈ ਹੈ। ਕਮਿਊਨਿਟੀ ਵੱਲੋਂ ਵੀ ਇਸ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਪੀਸੀਐੱਚਐੱਸ ਵੱਲੋਂ ਦਿੱਤੀਆਂ ਜਾ ਰਹੀਆਂ ਪ੍ਰਮੁੱਖ ਸੇਵਾਵਾਂ ਦਾ ਜ਼ਿਕਰ ਵੀ ਕੀਤਾ। ਉਨ੍ਹਾ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਮੈਂਬਰਾਂ ਦੇ ਨਾਲ ਕਮਿਊਨਿਟੀਆਂ ਦੇ ਵੱਖ-ਵੱਖ ਸਮਾਜਿਕ ਤੇ ਸੱਭਿਆਚਾਰਕ ਤਿਓਹਾਰ ਮਿਲ਼ਕੇ ਮਨਾਉਂਦੇ ਹਨ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਹੋਰ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਹਨ। ਇਸ ਮੀਟਿੰਗ ਨੂੰ ਸਫ਼ਲ ਬਨਾਉਣ ਲਈ ਉਨ੍ਹਾਂ ਵੱਲੋਂ ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿੱਚ ਮੈਂਬਰਾਂ ਵੱਲੋਂ 'ਅੰਤਰਰਾਸ਼ਟਰੀ ਮਾਂ-ਦਿਵਸ' ਅਤੇ ਸੁਰਜੀਤ ਪਾਤਰ ਬਾਰੇ ਚਰਚਾ ਕੀਤੀ ਗਈ ਅਤੇ ਇਨ੍ਹਾਂ ਦੇ ਨਾਲ ਸਬੰਧਿਤ ਕਵਿਤਾਵਾਂ ਤੇ ਗ਼ਜ਼ਲਾਂ ਸਾਂਝੀਆਂ ਕੀਤੀਆਂ ਗਈ। ਇਨ੍ਹਾਂ ਵਿਚ ਮੈਡਮ ਸ਼ਾਂਤੀ ਆਰੀਆ, ਰਜਿੰ-ਦਰ ਸਿੰਘ ਸਰੋਏ, ਕੁਲਦੀਪ ਸਿੰਘ ਛਾਬੜਾ,ਮਿਸਟਰ ਆਰੀਆ, ਸੁਖਦੇਵ ਸਿੰਘ ਝੰਡ ਤੇ ਸਰਬਜੀਤ ਕਾਹਲੋਂ ਸ਼ਾਮਲ ਸਨ। ਸਮਾਗ਼ਮ ਦੇ ਅਖ਼ੀਰ ਵਿਚ ਸਾਰਿਆਂ ਨੇ ਮਿਲ ਕੇ ਗਰਮ-ਗਰਮ ਪਕੌੜਿਆਂ, ਜਲੇਬੀਆਂ ਤੇ ਚਾਹ ਦਾ ਅਨੰਦ ਲਿਆ।









LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES



The Mortgage Centre
We work for *you*, not the lenders.




Debt Consolidation | Renovations & Repairs | Avoiding High penalities

No Credit or becon score check.
No income verification.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
# JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com

RECENTLY LISTED IN YOUR NEIGHBOURHOOD

## Sandalwood & Sunny Meadow Blvd



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿੰਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

## James Potter/Queen/Bonnie Brae



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

## Caledon Ontario (Dir/Cross St:Mayfield/ Mclaughlin/Tweedhill)



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

## Bramalea/Father Tobin /Fernfor



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232

Call JAG AUJLA Direct 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN International CIRCUS™
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE:
PUNJABI
ROYALCANADIANCIRCUS.CA